ਨੰ :9/14/2●●7-ਰਸ 1/115●

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜ਼ਰਵੇਸ਼ਨ ਸੈਲ)

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ, ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਜਿਲ੍ਹਾ ਤੇ ਸੈਸ਼ਨ ਜੱਜ, ਸਮੂਹ ਉਪ ਮੰਡਲ
ਮੈਜਿਸਟ੍ਰੇਟ (ਸਿਵਲ) ਅਤੇ ਤਹਿਸੀਲਦਾਰ।

ਮਿਤੀ ,ਚੰਡੀਗੜ੍ਹ 27 ਅਗਸਤ, 2●●7

ਵਿਸ਼ਾ:- ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਹੋਣ ਬਾਰੇ ਪੇਸ਼ ਕੀਤੇ ਦਾਅਵਿਆਂ ਦੀ ਪੜਤਾਲ ਕਰਨ ਬਾਰੇ।

**************

ਸ੍ਰੀ ਮਾਨ ਜੀ,

ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਕੁੱਝ ਗੈਰ-ਅਨੁਸੂਚਿਤ ਜਾਤੀ ਅਤੇ ਪੱਛੜੀ ਸ੍ਰੇਣੀ ਦੇ ਉਮੀਦਵਾਰ ਝੂਠੇ/ਜਾਅਲੀ ਜਾਤੀ/ਤਬਕੇ ਦੇ ਸਰਟੀਫਿਕੇਟਾਂ ਦੇ ਅਧਾਰ ਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਰਾਖਵੀਆਂ ਅਸਾਮੀਆਂ ਵਿਰੁੱਧ ਸਰਕਾਰ ਅਧੀਨ ਰੋਜ਼ਗਾਰ/ਨੌਕਰੀਆਂ ਪ੍ਰਾਪਤ ਕਰਨ ਵਿੱਚ ਸਫਲ ਹੋ ਜਾਂਦੇ ਹਨ। ਇਹ ਇਕ ਗੰਭੀਰ ਮਾਮਲਾ ਹੈ ਜਿਸ ਨੂੰ ਸਿਰਫ਼ ਆਪ ਦੇ ਸਹਿਯੋਗ ਨਾਲ ਹੀ ਨਜਿੱਠਿਆ ਜਾ ਸਕਦਾ ਹੈ।

2. ਨਿਯੁਕਤੀ ਅਧਿਕਾਰੀਆਂ ਕੋਲੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਉਮੀਦਵਾਰਾਂ ਵਲੋਂ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਨਾਲ ਸਬੰਧਤ ਹੋਣ ਬਾਰੇ ਪੇਸ਼ ਕੀਤੇ ਗਏ ਜਾਤੀ/ਤਬਕੇ ਦੇ ਸਰਟੀਫ਼ਿਕੇਟਾਂ/ਦਾਅਵਿਆਂ ਦੀ ਸਚਾਈ/ਪ੍ਰਮਾਣਿਕਤਾ ਬਾਰੇ ਪੜਤਾਲ ਮੁੱਢਲੀ ਨਿਯੁਕਤੀ ਕਰਨ ਸਮੇਂ ਹੀ ਕਰ ਲੈਣ। ਇਸ ਲਈ ਉਹ ਉਮੀਦਵਾਰਾਂ ਵਲੋਂ ਜਾਤੀ/ਤਬਕੇ ਬਾਰੇ ਪੇਸ਼ ਕੀਤੇ ਸਰਟੀਫ਼ਿਕੇਟਾਂ ਦੀ ਸਚਾਈ/ਪ੍ਰਮਾਣਿਕਤਾ ਤਸਦੀਕ ਕਰਨ ਲਈ ਜਿਲ੍ਹਾ/ਸਬ ਡਵੀਜ਼ਨ ਪੱਧਰ ਤੇ ਸਬੰਧਤ ਅਧਿਕਾਰੀਆਂ ਨੂੰ ਬੇਨਤੀ ਕਰ ਸਕਦੇ ਹਨ। ਕਈ ਵਾਰ ਸਬੰਧਤ ਅਧਿਕਾਰੀ ਇਸ ਕੰਮ ਨੂੰ ਅੰਜ਼ਾਮ ਦੇਣ ਲਈ ਅਣ-ਉਚਿਤ ਤੌਰ ਤੇ ਕਾਫੀ ਸਮਾਂ ਲਗਾ ਦਿੰਦੇ ਹਨ ਜਿਸ ਕਰਕੇ ਕਈ ਕੇਸਾਂ ਵਿੱਚ ਨਿਯੁਕਤੀ ਅਧਿਕਾਰੀਆਂ ਵਲੋਂ ਉਮੀਦਵਾਰਾਂ ਵਲੋਂ ਪੇਸ਼ ਕੀਤੇ ਜਾਤੀ ਸਰਟੀਫਿਕੇਟਾਂ ਦੀ ਸਚਾਈ/ਪ੍ਰਮਾਣਿਕਤਾ ਬਾਰੇ ਰਿਪੋਰਟ ਪ੍ਰਾਪਤ ਹੋਣ ਤੋਂ ਬਗੈਰ ਹੀ ਉਮੀਦਵਾਰਾਂ ਨੂੰ ਨਿਯੁਕਤ ਕਰ ਦਿੱਤਾ ਜਾਂਦਾ ਹੈ। ਜਿਲ੍ਹਾ ਅਧਿਕਾਰੀਆਂ ਵਲੋਂ ਰਿਪੋਟ ਭੇਜਣ ਵਿੱਚ ਕੀਤੀ ਦੇਰੀ ਕਾਰਨ ਕਈ ਉਮੀਦਵਾਰ ਝੂਠੇ/ਜਾਅਲੀ ਸਰਟੀਫਿਕੇਟ ਦੇ ਆਧਾਰ ਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਰਾਖਵੀਆਂ ਆਸਾਮੀਆਂ ਵਿਰੁੱਧ ਲਗਾਤਾਰ ਕੰਮ ਕਰਦੇ ਰਹਿੰਦੇ ਹਨ। ਅਜਿਹੇ ਉਮੀਦਵਾਰਾਂ ਦੀ ਜਿਲ੍ਹਾ ਪੱਧਰ ਤੇ ਜਾਂ ਹੋਰ ਹੇਠਲੇ ਸਬੰਧਤ ਦਫਤਰਾਂ ਵਿੱਚ ਤੈਨਾਤ ਸਰਟੀਫਿਕੇਟਾਂ ਦੀ ਸਚਾਈ/ਪ੍ਰਮਾਣਿਕਤਾ ਤਸਦੀਕ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨਾਲ ਮਿਲੀ-ਭੁਗਤ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ।

ਚਲਦਾ..........

3. ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਨਿਯੁਕਤੀ ਅਧਿਕਾਰੀਆਂ ਵੱਲੋਂ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਲਈ ਰਾਖਵੀਆਂ ਆਸਾਮੀਆਂ ਵਿਰੁੱਧ ਨਿਯੁਕਤੀ ਲਈ ਪੇਸ਼ ਕੀਤੇ ਜਾਤੀ ਸਰਟੀਫਿਕੇਟਾਂ/ਦਾਅਵਿਆਂ ਦੀ ਸਚਾਈ/ਪ੍ਰਮਾਣਿਕਤਾ ਬਾਰੇ ਤਸਦੀਕ ਲਈ ਭੇਜੇ ਕੇਸਾਂ ਤੇ ਕਾਰਵਾਈ ਸਰਲ/ਕਾਰਗਰ ਬਣਾਈ ਜਾਵੇ ਤਾਂ ਜੋ ਗੈਰ-ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਉਮੀਦਵਾਰਾਂ ਨੂੰ ਝੂਠੇ/ਜਾਅਲੀ ਸਰਟੀਫਿਕੇਟ ਪੇਸ਼ ਕਰਕੇ ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਲਈ ਰਾਖਵੀਆਂ ਆਸਾਮੀਆਂ ਵਿਰੁੱਧ ਸਰਕਾਰ ਅਧੀਨ ਰੋਜ਼ਗਾਰ/ਨੌਕਰੀਆਂ ਪ੍ਰਾਪਤ ਕਰਨ ਤੋਂ ਰੋਕਿਆ ਜਾ ਸਕੇ। ਇਸ ਲਈ ਰਾਜ ਦੇ ਸਮੂਹ ਜਿਲ੍ਹਾ ਮੈਜਿਸਟ੍ਰੇਟ, ਉਪ ਮੰਡਲ ਮੈਜਿਸਟ੍ਰੇਟ (ਸਿਵਲ) ਅਤੇ ਤਹਿਸੀਲਦਾਰ ਆਪਣੇ ਪੱਧਰ ਤੇ ਨਿਯੁਕਤੀ ਅਧਿਕਾਰੀਆਂ ਵੱਲੋਂ ਉਹਨਾਂ ਨੂੰ ਭੇਜੇ ਗਏ ਜਾਤੀ ਸਰਟੀਫਿਕੇਟਾਂ ਦੀ ਸਚਾਈ/ਪ੍ਰਮਾਣਿਕਤਾ ਬਾਰੇ ਤਸਦੀਕ ਬੇਨਤੀ-ਪੱਤਰ ਪ੍ਰਾਪਤ ਹੋਣ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ ਅੰਦਰ ਹਰ ਹਾਲਤ ਵਿੱਚ ਕਰਨੀ ਯਕੀਨੀ ਬਨਾਉਣਗੇ। ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਝੂਠੇ/ਜਾਅਲੀ ਸਰਟੀਫਿਕੇਟ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਦੀ ਜਿਲ੍ਹਾ ਪੱਧਰ ਤੇ ਅਤੇ ਸਬ-ਡਵੀਜ਼ਨ ਪੱਧਰ ਤੇ ਤੈਨਾਤ ਅਧਿਕਾਰੀਆਂ/ਕਰਮਚਾਰੀਆਂ ਨਾਲ ਮਿਲੀ-ਭੁਗਤ ਨੂੰ ਖਤਮ ਕਰਨ ਲਈ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਅਨੁਸਾਸ਼ਨੀ ਕਾਰਵਾਈ ਅਰੰਭੀ ਜਾਵੇ ਜਿਹੜੇ ਜਾਤੀ ਸਰਟੀਫਿਕੇਟਾਂ ਦੀ ਸਚਾਈ/ਪ੍ਰਮਾਣਿਕਤਾ ਬਾਰੇ ਰਿਪੋਟ ਸਮੇਂ ਸਿਰ ਸਬੰਧਤ ਨਿਯੁਕਤੀ ਅਧਿਕਾਰੀ ਨੂੰ ਭੇਜਣ ਵਿੱਚ ਅਸਫਲ ਰਹਿੰਦੇ ਹਨ ਅਤੇ ਝੂਠੇ/ਜਾਅਲੀ ਸਰਟੀਫਿਕੇਟ ਜਾਰੀ ਕਰਦੇ/ਕਰਵਾਉਂਦੇ ਹਨ।

ਵਿਸਵਾਸ਼ਪਾਤਰ,

ਸੰਯੁਕਤ ਸਕੱਤਰ ਭਲਾਈ

ਇੱਕ ਉਤਾਰਾ ਪੰਜਾਬ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

2. ਉਹਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹ ਹਦਾਇਤਾਂ ਆਪਣੇ ਅਧੀਨ ਸਮੂਹ ਬੋਰਡਾਂ, ਕਾਰਪੋਰੇਸ਼ਨਾਂ, ਖੁਦਮੁਖਤਾਰ ਸੰਗਠਨਾਂ, ਯੂਨੀਵਰਸਿਟੀਆਂ ਅਤੇ ਸੰਸਥਾਵਾਂ ਦੇ ਧਿਆਨ ਵਿੱਚ ਇੰਨ-ਬਿੰਨ ਪਾਲਣਾ ਹਿੱਤ ਲਿਆਉਣ ਦੀ ਖੇਚਲ ਕਰਨ।

ਸੰਯੁਕਤ ਸਕੱਤਰ ਭਲਾਈ।

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਅੰ:ਵਿ:ਪੱ:ਨੰ: 9/14/2007-ਰਸ1/1151 ਮਿਤੀ, ਚੰਡੀਗੜ੍ਹ, 27 ਅਗਸਤ, 2007